[This question paper contains 2 printed pages.]

**2094** **Your Roll No...............**

**B.A. (Hons.) / I** **F**

**Concurrent Course for Honours**

(Qualifying Course)

PUNJABI LANGUAGE (Lower) (A-609)

Time : 2 Hours Maximum Marks : 50

1. Write your Roll No. on the top immediately on receipt of this question paper.
2. The maximum marks printed on the question paper are applicable for the students of the SOL (Cat. 'B'). These marks will, however, be scaled down proportionately in respect of the students of regular colleges at the time of posting of awards for compilation of result.

1. 'ਸੰਚਾਰ' ਕੀ ਹੈ ? ਇਸ ਦੀ ਪਰਿਭਾਸ਼ਾ ਦਿੰਦਿਆਂ, 'ਜਨ-ਸੰਚਾਰ' ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ। (10)

**ਜਾਂ**

'ਸੰਚਾਰ' ਦੇ ਪ੍ਰਕਾਰਜਾਂ ਬਾਰੇ ਇਕ ਭਰਪੂਰ ਨੋਟ ਲਿਖੋ।

2. ਹੇਠ ਲਿਖੇ ਪਰਿਭਾਸ਼ਕ ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ : (10)
Constitution, Academic, Realistic, Agenda, Emphasis, Communication, Visual, Project, Literary, Criticism

3. ਹੇਠ ਲਿਖੇ ਪੈਰ੍ਹੇ ਦਾ ਸਾਰਾਂਸ਼ ਅਤੇ ਢੁੱਕਵਾਂ ਸਿਰਲੇਖ ਲਿਖੋ : (7)

"ਅਸੀਂ ਆਪਣੇ ਪੁਰਖਿਆਂ ਦੇ ਵਿਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਸਿਰਫ ਦੁਹਰਾ ਕੇ ਹੀ ਪਰੰਪਰਾ ਨੂੰ ਜਿਉਂਦਿਆਂ ਨਹੀਂ ਰੱਖ ਸਕਦੇ। ਕੋਈ ਵੀ ਪਰੰਪਰਾ ਆਲੋਚਨਾਤਮਕ ਅਤੇ ਰਚਨਾਤਮਕ ਤਬਦੀਲੀ ਤੋਂ ਬਿਨਾਂ ਜਿਉਂਦੀ ਨਹੀਂ ਰਖੀ ਜਾ ਸਕਦੀ। ਸਮੁੱਚੇ ਅਤੀਤ ਤੇ ਸਮੁੱਚੇ ਸੰਸਾਰ ਨੂੰ ਆਦਮੀਅਤ ਦੇ ਮਨ ਵਿਚ ਜਗਾਉਣਾ ਚਾਹੀਦਾ ਹੈ। ਕਿਤਾਬਾਂ ਉਹ ਸਾਧਨ ਹਨ, ਜਿਨ੍ਹਾਂ ਨਾਲ ਅਸੀਂ ਸੰਸਕ੍ਰਿਤੀ ਵਿਚਕਾਰ ਪੁਲ ਬਣਾ ਸਕਦੇ ਹਾਂ। ਅੱਜ ਸੰਸਕ੍ਰਿਤੀ ਵਿਚਲੇ ਵੈਰ-ਵਿਰੋਧ ਨੂੰ ਮਿਟਾ ਦੇਣ ਦੀ ਲੋੜ ਹੈ। ਮਹਾਨ ਕਿਤਾਬਾਂ ਸਾਡੇ ਲਈ ਉਸ ਵੇਲੇ ਬਹੁਤ ਫਾਇਦੇਮੰਦ ਸਾਬਿਤ ਹੁੰਦੀਆਂ ਹਨ ਜਦ ਸਾਡੀਆਂ ਕਦਰਾਂ-ਕੀਮਤਾਂ ਨੂੰ ਕੁਰਾਹੇ ਪਾ ਦਿੱਤਾ ਜਾਂਦਾ ਹੈ।"

4. 'ਮੀਮੋ' ਤੋਂ ਕੀ ਭਾਵ ਹੈ ? ਆਪਣੀ ਕੰਪਨੀ ਦੇ ਕਰਮਚਾਰੀਆਂ ਨੂੰ ਬਿਨਾ ਕਿਸੇ ਅਨੁਮਤੀ ਦੇ ਡਿਊਟੀ ਤੋਂ ਗੈਰ-ਹਾਜ਼ਿਰ ਰਹਿਣ ਲਈ 'ਮੀਮੋ' ਜਾਰੀ ਕਰੋ। (8)

ਜਾਂ

ਆਪਣੇ ਮਿੱਤਰ ਦੇ ਪਿਤਾ ਜੀ ਦੀ ਅਚਾਨਕ ਮੌਤ ਬਾਰੇ ਜਾਣ ਕੇ ਉਸ ਨੂੰ ਸ਼ੋਕ ਪ੍ਰਗਟ ਕਰਨ ਲਈ 'ਟੈਲੀਗ੍ਰਾਮ' ਲਿਖੋ।

5. 'ਕਥਾ-ਕਹਾਣੀ' ਪੁਸਤਕ ਵਿਚੋਂ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਸ਼ਹਿਰਜ਼ਾਦ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। (15)

ਜਾਂ

'ਕਥਾ ਕਹਾਣੀ' ਪੁਸਤਕ ਦੀਆਂ ਕਹਾਣੀਆਂ ਦੇ ਆਧਾਰ 'ਤੇ ਪੰਜਾਬੀ ਨਿੱਕੀ ਕਹਾਣੀ ਦੇ ਵਿਕਾਸ ਬਾਰੇ ਚਰਚਾ ਕਰੋ।